# Service and Information Update

## ਬ੍ਰੈਂਪਟਨ, 10 ਦਸੰਬਰ ਨੂੰ ਚਾਰ ਆਊਟਡੋਰ ਸਕੇਟਿੰਗ ਰਿੰਕ ਖੋਲ ਰਿਹਾ ਹੈ

***ਸਿਹਤ ਅਤੇ ਸੁਰੱਖਿਆ ਸਬੰਧੀ ਉਪਾਅ ਲਾਗੂ ਹੋਣਗੇ ਅਤੇ ਰਿਜ਼ਰਵੇਸ਼ਨਸ ਜ਼ਰੂਰੀ ਹਨ।***

ਬ੍ਰੈਂਪਟਨ, ਓਨਟੈਰੀਓ (9 ਦਸੰਬਰ, 2020) – ਸਿਟੀ ਆਫ ਬ੍ਰੈਂਪਟਨ, ਵੀਰਵਾਰ, 10 ਦਸੰਬਰ ਨੂੰ ਸਵੇਰੇ 10 ਵਜੇ ਤੋਂ ਸ਼ੁਰੂ ਕਰਦੇ ਹੋਏ, ਚਾਰ ਰਿੰਕਸ ਵਿਖੇ ਆਊਟਡੋਰ ਸਕੇਟਿੰਗ ਸ਼ੁਰੂ ਕਰ ਰਹੀ ਹੈ। ਇਸਦੀਆਂ ਥਾਵਾਂ ਵਿੱਚ ਸ਼ਾਮਲ ਹਨ, ਗੋਰ ਮੇਡੋਜ਼ ਕਵਰਡ ਆਊਟਡੋਰ ਸਕੇਟਿੰਗ ਰਿੰਕ (Gore Meadows Covered Outdoor Skating Rink), ਚਿੰਗਕੂਜ਼ੀ ਪਾਰਕ ਸਕੇਟ ਰੇਕ੍ਰੀਏਸ਼ਨਲ ਟ੍ਰੇਲ (Chinguacousy Park Skate Recreational Trail), ਗੇਜ ਪਾਰਕ ਆਊਟਡੋਰ ਸਕੇਟਿੰਗ ਰੇਕ੍ਰੀਏਸ਼ਨਲ ਟ੍ਰੇਲ (Gage Park Outdoor Skating Recreational Trail) ਅਤੇ ਮਾਊਂਟ ਪਲੈਜ਼ੈਂਟ ਆਊਟਡੋਰ ਸਕੇਟਿੰਗ ਰਿੰਕ (Mount Pleasant Outdoor Skating Rink)।

ਭਾਈਚਾਰੇ ਦੀ ਸਿਹਤ ਅਤੇ ਸੁਰੱਖਿਆ, ਸਿਟੀ ਦੀ ਸਭ ਤੋਂ ਵੱਡੀ ਤਰਜੀਹ ਹੈ, ਖਾਸ ਕਰਕੇ ਕੋਵਿਡ-19 (COVID-19) ਦੇ ਦੌਰਾਨ। ਪੀਲ ਪਬਲਿਕ ਹੈਲਥ (Peel Public Health) ਦੀ ਸਲਾਹ ਮੁਤਾਬਕ, ਰਿੰਕਸ ਵਿੱਚ ਜਾਣ ਲਈ ਰਿਜ਼ਰਵੇਸ਼ਨ ਸਿਸਟਮ ਸਥਾਪਤ ਕੀਤਾ ਗਿਆ ਹੈ। ਅਜਿਹਾ ਇਹ ਯਕੀਨੀ ਬਣਾਉਣ ਲਈ ਹੈ ਕਿ ਕੈਪੇਸਿਟੀ ਸ਼ਰਤਾਂ ਦੀ ਪਾਲਣਾ ਕੀਤੀ ਜਾ ਰਹੀ ਹੈ ਅਤੇ ਜਿੱਥੇ ਜ਼ਰੂਰੀ ਹੋਵੇ, ਸੰਪਰਕ ਟ੍ਰੇਸਿੰਗ ਸੰਭਵ ਹੈ।

ਰਿਜ਼ਰਵੇਸ਼ਨਸ, 36 ਘੰਟੇ ਤੱਕ ਐਡਵਾਂਸ ਵਿੱਚ ਕਰਵਾਈਆਂ ਜਾ ਸਕਦੀਆਂ ਹਨ। ਨਿਵਾਸੀ ਹੇਠਾਂ ਦਿੱਤੇ ਤਰੀਕਿਆਂ ਨਾਲ ਆਪਣੀ ਥਾਂ ਰਾਖਵੀਂ ਕਰ ਸਕਦੇ ਹਨ:

- cityofbrampton.perfectmind.com ਤੇ ਔਨਲਾਈਨ ਰਜਿਸਟਰ ਕਰਕੇ
- 905.791.2240 ਤੇ ਸਾਡੀ ਬੁਕਿੰਗ ਲਾਈਨ ਨੂੰ ਫੋਨ ਕਰਕੇ
- ਸਿਟੀ ਦੀਆਂ ਸੀਮਾਵਾਂ ਦੇ ਅੰਦਰ ਤੋਂ ਸਰਵਿਸ ਬ੍ਰੈਂਪਟਨ (Service Brampton) ਨੂੰ 311 ਤੇ ਫੋਨ ਕਰਕੇ

ਸਾਰੀਆਂ ਰਿਜ਼ਰਵੇਸ਼ਨਸ, ਇੱਕ ਘੰਟੇ ਦੀ ਮਿਆਦ ਤੱਕ ਸੀਮਿਤ ਹਨ। ਰਿਜ਼ਰਵੇਸ਼ਨਸ, ਮਾਪਿਆਂ, ਸਰਪ੍ਰਸਤਾਂ ਜਾਂ ਅਜਿਹੇ ਦੂਜੇ ਲੋਕਾਂ ਸਮੇਤ ਸਾਰੇ ਰੱਖਿਅਕਾਂ ਲਈ ਜ਼ਰੂਰੀ ਹਨ, ਜਿਹਨਾਂ ਦੇ ਨਾਲ ਸਕੇਟਿੰਗ ਕਰਨ ਵਾਲੇ ਆਏ ਹੋਣ, ਪਰੰਤੂ ਉਹ ਬਰਫ਼ ਤੇ ਨਹੀਂ ਜਾ ਰਹੇ ਹੋਣ। ਨਿਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ, ਔਨਸਾਈਟ ਸੁਆਗਤੀ ਟੈਂਟ ਵਿਖੇ ਸਟਾਫ ਦੇ ਨਾਲ ਚੈੱਕ ਇਨ ਕਰਨ ਵਾਸਤੇ, 10 ਮਿੰਟ ਜਲਦੀ ਆਪਣੇ ਸਕੇਟ ਵਿਖੇ ਪਹੁੰਚਣ। ਜੇਕਰ ਤੁਹਾਨੂੰ ਆਪਣੀ ਰਿਜ਼ਰਵੇਸ਼ਨ ਰੱਦ ਕਰਨ ਦੀ ਲੋੜ ਹੈ, ਤਾਂ 905.791.2240 ਤੇ ਫੋਨ ਕਰੋ।

ਵਾਸ਼ਰੂਮ ਸਹੂਲਤਾਂ ਉਪਲਬਧ ਹੋਣਗੀਆਂ। ਵਾਸ਼ਰੂਮਾਂ ਦੇ ਅੰਦਰ ਮਾਸਕ ਜ਼ਰੂਰੀ ਹਨ। ਰਿੰਕਸ ਵਿਖੇ ਖਾਣ-ਪੀਣ ਵਾਲੀਆਂ ਚੀਜ਼ਾਂ ਲਿਜਾਣ ਦੀ ਇਜਾਜ਼ਤ ਨਹੀਂ ਹੈ।

ਮੌਸਮ ਖਰਾਬ ਹੋਣ ਦੇ ਕਾਰਨ ਰਿੰਕ ਬੰਦ ਕੀਤੇ ਜਾ ਸਕਦੇ ਹਨ। ਕਿਰਪਾ ਕਰਕੇ ਆਉਣ ਤੋਂ ਪਹਿਲਾਂ ਰਿੰਕ ਦੀ ਸਥਿਤੀ ਦੇਖ ਲਵੋ।

ਇਸ ਸਾਲ, ਸਿਟੀ, ਫਲਾਵਰ ਸਿਟੀ ਕਮਿਊਨਟੀ ਕੈਂਪਸ (Flower City Community Campus), ਵੈਲੀਬਰੂਕ ਪਾਰਕ (Valleybrook Park), ਮੋਰਿਸ ਕੇਰਬਲ ਪਾਰਕ (Morris Kerbel Park) ਅਤੇ ਅਰਨਸਕਲਿਫ ਪਾਰਕ (Earnscliffe Park) ਵਿਖੇ, ਵਾਧੂ ਆਊਟਡੋਰ ਸਕੇਟਿੰਗ ਰਿੰਕ ਖੋਲੇਗੀ। ਇਹ ਰਿੰਕ, ਦਸੰਬਰ ਦੇ ਅੰਤ ਵਿੱਚ ਖੁੱਲਣਗੇ।

ਸੰਚਾਲਨ ਦੇ ਘੰਟਿਆਂ, ਰਿੰਕ ਦੀ ਸਥਿਤੀ ਅਤੇ ਰਿਜ਼ਰਵੇਸ਼ਨ ਵੇਰਵਿਆਂ ਸਮੇਤ, ਪੂਰੀ ਜਾਣਕਾਰੀ ਲਈ, Brampton.ca/outdoorskating ਤੇ ਜਾਓ।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca